BRAMPTON Flower City brampton.ca

media release

ਤੁਰੰਤ ਰਿਲੀਜ ਲਈ

## ਸਿਟੀ ਦੂਜਾ ਸਾਲਾਨਾ ਸਪੋਰਟਸ ਡੇ ਇਨ ਬ੍ਰੈਂਪਟਨ ਆਯੋਜਿਤ ਕਰ ਰਹੀ ਹੈ

### *ਸ਼ਨੀਵਾਰ, 6 ਅਪ੍ਰੈਲ ਨੂੰ ਮੁਫ਼ਤ ਵਿੱਚ ਖੇਡ ਅਜਮਾਓ।*

ਬ੍ਰੈਂਪਟਨ, ਓਨਟੈਰੀਓ (2 ਅਪ੍ਰੈਲ, 2019) – ਨਿਵਾਸੀਆਂ ਨੂੰ ਸ਼ਨੀਵਾਰ, 6 ਅਪ੍ਰੈਲ 2019 ਨੂੰ ਸਿਟੀ ਦੇ ਦੂਜੇ ਸਾਲਾਨਾ ਸਪੋਰਟਸ ਡੇ ਇਨ ਬ੍ਰੈਂਪਟਨ (Sports Day in Brampton) ਦੇ ਮੌਕੇ ਤੇ ਸਾਡੇ ਭਾਈਚਾਰੇ ਵਿੱਚ ਖੇਡਾਂ ਬਾਰੇ ਜਾਣਨ ਲਈ ਸੱਦਾ ਦਿੱਤਾ ਜਾਂਦਾ ਹੈ।

ਇਹ ਕਾਰਜਕਰਮ ਹਰ ਉਸ ਵਿਅਕਤੀ ਲਈ ਹੈ, ਜੋ ਬ੍ਰੈਂਪਟਨ ਵਿੱਚ ਕਿਰਿਆਸ਼ੀਲ ਰਹਿਣਾ, ਨਾਬਾਲਗ ਸਪੋਰਟਸ ਸਮੂਹਾਂ ਨਾਲ ਜੁੜਨਾ ਜਾਂ ਨਵੀਆਂ ਖੇਡਾਂ ਅਤੇ ਗਤੀਵਿਧੀਆਂ ਅਜਮਾਉਣਾ ਚਾਹੁੰਦਾ ਹੋਵੇ।

ਮੁਫ਼ਤ ਡ੍ਰੌਪ-ਇਨ (ਬਿਨਾਂ ਸਮਾਂ ਲਏ ਜਾਂ ਬਿਨਾਂ ਰਜਿਸਟਰੇਸ਼ਨ ਦੇ) ਸਪੋਰਟਸ ਵਿੱਚ ਸ਼ਾਮਲ ਹਨ, ਜਿਮਨਾਸਟਿਕਸ, ਸੌਫਟ ਬਾਲ, ਬੇਸਬਾਲ, ਲੈਕਰੋਸ, ਕਬੱਡੀ, ਕ੍ਰਿਕੇਟ, ਸੌਕਰ, ਟ੍ਰੈਕ, ਵੀਲ੍ਹਚੇਅਰ ਬਾਸਕੇਟਬਾਲ, ਹਾਕੀ, ਤੈਰਾਕੀ ਆਦਿ। ਇਹ ਸਪੋਰਟਸ ਬ੍ਰੈਂਪਟਨ ਸੌਕਰ ਸੈਂਟਰ (Brampton Soccer Centre) ਅਤੇ ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre) ਵਿੱਚ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣਗੀਆਂ।

ਪ੍ਰੋਗਰਾਮ ਸਿਟੀ, ਇਸ ਨਾਲ ਸਬੰਧਿਤ ਨੌਜਵਾਨ ਸਪੋਰਟਸ ਸੰਗਠਨਾਂ, ਬ੍ਰੈਂਪਟਨ ਸਪੋਰਟ ਅਲਾਈਂਸ (Brampton Sport Alliance) ਅਤੇ ਦੂਜੇ ਭਾਈਚਾਰਕ ਸਪੋਰਟ ਪ੍ਰਦਾਤਾਵਾਂ ਵੱਲੋਂ ਮੁਹੱਈਆ ਕੀਤਾ ਗਿਆ ਹੈ। ਪਰਿਵਾਰਾਂ ਨੂੰ ਸਾਡੇ ਸਥਾਨਕ ਨਾਬਾਲਗ ਸਪੋਰਟ ਸਮੂਹਾਂ ਨਾਲ ਜੁੜਨ, ਬ੍ਰੈਂਪਟਨ ਵਿੱਚ ਉਪਲਬਧ ਉਹਨਾਂ ਦੇ ਪ੍ਰੋਗਰਾਮਾਂ ਅਤੇ ਬਹੁਤ ਸਾਰੀਆਂ ਗਤੀਵਿਧੀਆਂ ਬਾਰੇ ਹੋਰ ਜਾਣਨ ਲਈ ਸੱਦਾ ਦਿੱਤਾ ਜਾਂਦਾ ਹੈ।

ਸ਼ਾਮਲ ਹੋਣ ਵਾਲੇ ਵਿਅਕਤੀਆਂ ਕੋਲ ਇਨਾਮ ਜਿੱਤਣ ਲਈ ਇੱਕ ਡ੍ਰਾ ਵਿੱਚ ਨਾਮ ਲਿਖਵਾਉਣ ਦਾ ਮੌਕਾ ਵੀ ਹੋਵੇਗਾ, ਜਦੋਂ ਉਹ ਕਾਰਜਕਰਮ ਵਿੱਚ ਤਿੰਨ ਮੋਹਰਾਂ (ਸਟੈਂਪਸ) ਲੈਣਗੇ – ਹਰੇਕ ਸਪੋਰਟ ਲਈ ਇੱਕ, ਜੋ ਉਹ ਉਸ ਦਿਨ ਅਜਮਾਉਣਗੇ।

ਕਾਰਜਕਰਮ ਦੀ ਪੂਰੀ ਸੂਚੀ ਲਈ, www.brampton.ca/recreation ਤੇ ਜਾਓ।

**ਮਜ਼ੇਦਾਰ ਤੱਥ**

- ਬ੍ਰੈਂਪਟਨ ਵਿੱਚ 268 ਤੋਂ ਵੱਧ ਇਨਡੋਰ ਅਤੇ ਆਉਟਡੋਰ ਸਪੋਰਟਸ ਫੀਲਡ, 30 ਰੇਕ੍ਰੀਏਸ਼ਨ ਫੈਸਿਲਿਟੀਜ, 15 ਆਈਸ ਪੈਡਸ, 13 ਸਵਿਮਿੰਗ ਪੂਲਸ, ਸੱਤ ਫਿੱਟਨੈਸ ਸੈਂਟਰ, ਚਾਰ ਆਉਟਡੋਰ ਸਕੇਟਿੰਗ ਰਿੰਕ, ਇੱਕ 9-ਹੋਲ ਪਬਲਿਕ ਗੋਲਫ ਕੋਰਸ ਅਤੇ ਇੱਕ ਸਕੀ ਹਿੱਲ ਹੈ
- ਸਿਟੀ ਦੇ ਮੁੱਖ ਤਿੰਨ ਰਜਿਸਟਰੇਸ਼ਨ ਤੈਰਾਕੀ, ਕੈਂਪਸ ਅਤੇ ਸਪੋਰਟਸ ਹਨ
- ਬ੍ਰੈਂਪਟਨ ਵਿੱਚ 20,000 ਭਾਗੀਦਾਰਾਂ ਵਾਲੇ 20 ਨੌਜਵਾਨ ਸਪੋਰਟਸ ਸਾਥੀ ਸਮੂਹ ਅਤੇ 80 ਬਾਲਗ ਭਾਈਚਾਰਕ ਸਮੂਹ ਹਨ

# BRAMPTON Flower City
brampton.ca

media release

**ਹਵਾਲਾ**

“ਬ੍ਰੈਂਪਟਨ ਦਾ ਸਰਬੋਤਮ ਐਥਲੀਟਸ ਨੂੰ ਵਿਕਸਿਤ ਕਰਨ ਅਤੇ ਸਮਰਪਿਤ ਸਪੋਰਟਸ ਪ੍ਰਸ਼ੰਸਕਾਂ ਦਾ ਸੰਪੰਨ ਇਤਿਹਾਸ ਰਿਹਾ ਹੈ। ਖੇਡਾਂ ਖੇਡਣਾ ਅਨੰਦ ਮਾਣਨ, ਦੋਸਤ ਬਣਾਉਣ ਅਤੇ ਕਿਰਿਆਸ਼ੀਲ, ਸਿਹਤਮੰਦ ਜੀਵਨਸ਼ੈਲੀ ਜਿਓਣ ਦਾ ਬਹੁਤ ਵਧੀਆ ਤਰੀਕਾ ਹੈ। ਸਪੋਰਟਸ ਡੇ ਇਨ ਬ੍ਰੈਂਪਟਨ ਨੌਜਵਾਨਾਂ ਨੂੰ ਕਈ ਵਿਕਲਪ ਖੋਜਣ ਅਤੇ ਆਪਣੀ ਮਨਪਸੰਦ ਖੇਡ ਲੱਭਣ ਲਈ ਉਤਸ਼ਾਹਿਤ ਕਰਦਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

ਸਿਟੀ ਆਫ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ ਜਾਂ ਸਾਨੂੰ Twitter, Facebook, ਅਤੇ Instagram ਤੇ ਫਾਲੋ ਕਰੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca